**Scholarly Research Journal for Humanity Science & English Language,**
Online ISSN 2348-3083, SJ IMPACT FACTOR 2021: 7.278,
http://www.srjis.com/issues_data?issueId=211
PEER REVIEWED & REFEREED JOURNAL, APRIL-MAY, 2023, VOL-11/57
https://doi.org/10.5281/zenodo.8005444

# ਕਾਲੇ ਵਰਕੇ: ਪਰਵਾਸੀ ਅਨੁਭਵ ਦੀ ਪੇਸ਼ਕਾਰੀ

**ਹਰਪ੍ਰੀਤ ਕੌਰ ਔਲਖ, Ph.D.**
*ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਰਿਮਟ ਯੂਨੀਵਰਸਿਟੀ, ਮੰਡੀ ਗੋਬਿੰਦਗੜ*

*Scholarly Research Journal's is licensed Based on a work at www.srjis.com*

Paper Received On: 22 Jan 2023
Peer Reviewed On: 29 May 2023
Published On: 1 June 2023

ਪਰਵਾਸ ਕਿਸੇ ਵਿਅਕਤੀ ਜਾਂ ਸਮੂਹ ਦੁਆਰਾ ਇਕ ਖਾਸ ਭੂਗੋਲਿਕ ,ਸਮਾਜਕ ਅਤੇ ਸਭਿਆਚਾਰਕ ਪ੍ਰਸਥਿਤੀਆਂ ਤੋਂ ਕਿਸੇ ਹੋਰ ਭੂਗੋਲਿਕ ਖਿੱਤੇ ਵਿਚ ਜਾਣ ਦੀ ਪ੍ਰਕਿਰਿਆ ਹੈ।ਆਪਣੀਆਂ ਪਦਾਰਥਕ ਅਤੇ ਆਰਥਿਕ ਲੋੜਾਂ ਦੀ ਪੂਰਤੀ ਲਈ ਅਤੇ ਆਪਣੇ ਜੀਵਨ ਪੱਧਰ ਨੂੰ ਹੋਰ ਚੰਗਾ ਬਣਾਉਣ ਲਈ ਆਦਿ ਕਾਲ ਤੋਂ ਹੀ ਮਨੁੱਖ ਵਿਚ ਪਰਵਾਸ ਧਾਰਨ ਕਰਨ ਦੀ ਰੁਚੀ ਪ੍ਰਬਲ ਰਹੀ ਹੈ । 'ਪਰਵਾਸ' ਸ਼ਬਦ ਦੋ ਸ਼ਬਦਾਂ ਪਰ+ਵਾਸ ਦੇ ਸੁਮੇਲ ਤੋਂ ਹੋਂਦ ਵਿਚ ਆਇਆ ਹੈ। 'ਪਰ' ਦਾ ਅਰਥ ਹੈ ਪਰਾਇਆ ਅਤੇ 'ਵਾਸ' ਦਾ ਅਰਥ ਹੈ 'ਵਸਣਾ' ਅਰਥਾਤ ਮੂਲ ਸਥਾਨ ਨੂੰ ਛੱਡ ਕੇ ਕਿਸੇ ਹੋਰ ਸਥਾਨ ਉੱਤੇ ਜਾ ਕੇ ਵਸਣਾ ਹੀ ਪਰਵਾਸ ਹੈ। ਡਾ.ਹਰਚੰਦ ਸਿੰਘ ਬੇਦੀ ਅਨੁਸਾਰ,

> ਪਰਵਾਸ ਇਕ ਅੰਤਰਰਾਸ਼ਟਰੀ ਵਰਤਾਰਾ ਹੈ,ਜੋ ਇੱਛਾਤੰਤਰ ਦੇ ਦਬਾਅ ਵਿਚ ਰੂਪਧਾਰਨ ਹੀ ਨਹੀ ਕਰਦਾ ਸਗੋਂ ਸਾਬਤ ਰੋਟੀ ਦੀ ਖਾਹਿਸ਼ ਲਈ ਜਰਖੇਜ਼ ਜਮੀਨ ਤਿਆਰ ਕਰਕੇ ਲੰਮੀ ਪਰਵਾਜ਼ ਵੀ ਭਰਦਾ ਹੈ।[1]

ਇਸ ਤਰ੍ਹਾਂ ਪਰਵਾਸੀ ਉਹ ਵਿਅਕਤੀ ਹੁੰਦੇ ਹਨ ਜੋ ਆਪਣੀ ਆਰਥਿਕ ਹਾਲਤ ਸੁਧਾਰਨ ਅਤੇ ਚੰਗੇ ਸਾਧਨਾਂ ਦੀ ਪ੍ਰਾਪਤੀ ਲਈ ਇਕ ਦੇਸ਼ ਨੂੰ ਛੱਡ ਕੇ ਦੂਜੇ ਦੇਸ਼ ਵਿਚ ਸਥਾਈ ਜਾਂ ਅਸਥਾਈ ਰੂਪ ਵਿਚ ਪ੍ਰਵੇਸ਼ ਕਰਦੇ ਹਨ। ਪਰਵਾਸ ਦੀ ਪ੍ਰਕਿਰਿਆ ਲੰਮੇ ਸਮੇਂ ਤੋਂ ਲੈ ਕੇ ਵਰਤਮਾਨ ਕਾਲ ਤਕ ਨਿਰੰਤਰ ਜਾਰੀ ਹੈ। ਜੀਵਨ ਪੱਧਰ ਨੂੰ ਉੱਚਾ ਚੁੱਕਣ ਅਤੇ ਆਰਥਿਕ ਤੌਰ ਤੇ ਆਪਣੇ ਆਪ ਨੂੰ ਖੁਸ਼ਹਾਲ ਕਰਨ ਦੀ ਇੱਛਾ ਨੇ ਪੰਜਾਬੀਆਂ ਨੂੰ ਪਰਵਾਸ ਧਾਰਨ ਕਰਨ ਲਈ ਪ੍ਰੇਰਿਤ ਕੀਤਾ। ਪਰਵਾਸ ਦੇ ਮੁੱਖ ਕਾਰਨ ਧੰਨ ਕਮਾਉਣ ਦੀ ਲਾਲਸਾ ,ਪੱਛਮੀ ਦੇਸ਼ਾਂ ਦੀ ਚਮਕ-ਦਮਕ ਅਤੇ ਰੁਜ਼ਗਾਰ ਪ੍ਰਾਪਤੀ ਹੀ ਰਹੇ ਹਨ । ਪਰਵਾਸੀ ਪੰਜਾਬੀਆਂ ਦੀ ਮਿਹਨਤ ,ਮੁਸ਼ੱਕਤ ਅਤੇ ਸਿਰੜ ਨਾਲ ਜਿੱਥੇ ਉਹਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਹੋਇਆ ਹੈ ਉਥੇ ਉਹਨਾਂ ਦਾ ਆਤਮ -ਵਿਸ਼ਵਾਸ ਵੀ ਵਧਿਆ ਹੈ। ਪਰਵਾਸੀਆਂ ਦਾ ਪਰਵਾਸ ਧਾਰਨ ਕਰਨ ਦਾ ਸ਼ੌਕ ਘੱਟ ਅਤੇ ਮਜਬੂਰੀ ਜਿਆਦਾ ਸੀ।

ਪਰਵਾਸੀ ਸਾਹਿਤ ਨੇ ਮੂਲ ਧਾਰਾ ਦੇ ਪੰਜਾਬੀ ਸਾਹਿਤ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਪਰਵਾਸੀ ਪੰਜਾਬੀ ਕਹਾਣੀ ਮੌਜੂਦਾ ਸਾਹਿਤ ਦਾ ਮਹੱਤਵਪੂਰਨ ਪਾਸਾਰ ਹੈ। ਪਰਵਾਸੀ ਪੰਜਾਬੀ ਕਹਾਣੀ ਮਨੁੱਖ ਦੀਆਂ

*Copyright © 2023, Scholarly Research Journal for Humanity Science & English Language*

ਨਿੱਜੀ ਅਕਾਂਖਿਆਵਾਂ ਤੋਂ ਸ਼ੁਰੂ ਹੋ ਕੇ ਅੱਜ ਵਿਸ਼ਵ ਪੱਧਰ ਦੇ ਮਸਲਿਆਂ ਦੀ ਨਿਸ਼ਾਨਦੇਹੀ ਕਰਨ ਵਿਚ ਸਾਹਿਤ ਰੂਪਾਂ ਵਿਚੋਂ ਸਭ ਤੋਂ ਮੋਹਰੀ ਹੈ। ਵਿਦੇਸ਼ਾਂ ਵਿਚ ਰਚਿਆ ਜਾ ਰਿਹਾ ਸਾਹਿਤ ਮੂਲ ਰੂਪ ਵਿਚ ਅਭਿਵਿਅਕਤੀ ਦੀ ਲੋੜ ਵਿਚੋਂ ਪੈਦਾ ਹੋਇਆ ਹੈ। ਪਰਵਾਸੀ ਪੰਜਾਬੀ ਸਾਹਿਤ ਵੱਖਰੇ ਜੀਵਨ ਅਨੁਭਵ ਨੂੰ ਸਬੰਧਿਤ ਹੈ।

ਪਰਵਾਸੀ ਪੰਜਾਬੀ ਕਹਾਣੀਕਾਰਾਂ ਵਿਚ ਜਰਨੈਲ ਸਿੰਘ ਦੀ ਵੱਖਰੀ ਪਹਿਚਾਣ ਹੈ। ਜਰਨੈਲ ਸਿੰਘ ਨੇ ਕਹਾਣੀ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਅ ਮਾਧਿਅਮ ਵਜੋਂ ਚੁਣਿਆ ਅਤੇ ਕਹਾਣੀ ਨੂੰ ਅੰਤਰਰਾਸ਼ਟਰੀ ਪੱਧਰ ਤੇ ਪਹੁੰਚਾਉਣ ਵਿਚ ਨਿਵੇਕਲਾ ਯੋਗਦਾਨ ਦਿੱਤਾ।ਜਰਨੈਲ ਸਿੰਘ ਪੰਜਾਬ ਵਿਚ ਰਹਿੰਦਿਆਂ ਹੀ ਲਿਖਣ-ਕਾਰਜ ਨਾਲ ਜੁੜੇ ਹੋਏ ਸਨ।ਕੈਨੇਡਾ ਵਿਚ ਰਹਿੰਦਿਆਂ ਉਹਨਾਂ ਦੇ 'ਦੋ ਟਾਪੂ'(1999), 'ਟਾਵਰਜ਼'(2005) ਅਤੇ 'ਕਾਲੇ ਵਰਕ'(2015) ਕਹਾਣੀ-ਸੰਗ੍ਰਿਹ ਪ੍ਰਕਾਸ਼ਿਤ ਹੋਏ।

ਜਰਨੈਲ ਸਿੰਘ ਨੂੰ ਪਰਵਾਸੀ ਕਹਾਣੀਕਾਰਾਂ ਦੀ ਮੂਹਰਲੀ ਕਤਾਰ ਵਿਚ ਸਥਾਪਤ ਕਰਨ ਵਾਲਾ ਉਸਦਾ ਕਹਾਣੀ-ਸੰਗ੍ਰਿਹ 'ਦੋ ਟਾਪੂ' ਹੀ ਹੈ।ਜਿਸ ਦੇ ਆਧਾਰ ਤੇ ਉਸਨੇ ਪਾਠਕਾਂ ਅਤੇ ਅਲੋਚਕਾਂ ਵਿਚ ਆਪਣਾ ਵੱਖਰਾ ਸਥਾਨ ਬਣਾਇਆ। 'ਦੋ ਟਾਪੂ' ਕਹਾਣੀ-ਸੰਗ੍ਰਿਹ ਜਰਨੈਲ ਸਿੰਘ ਦੇ ਪਰਵਾਸੀ ਅਨੁਭਵ ਨੂੰ ਪੇਸ਼ ਕਰਦਾ ਹੈ। ਕਹਾਣੀਕਾਰ ਨੇ ਇਸ ਕਹਾਣੀ-ਸੰਗ੍ਰਿਹ ਦੀ ਰਚਨਾ ਆਪਣੇ ਆਲੇ-ਦੁਆਲੇ ਪਸਰੀ ਨਵੀਂ ਸੋਚ ,ਨਵੇਂ ਪ੍ਰਤਿਮਾਨ,ਨਵੀਨਤਮ ਦ੍ਰਿਸ਼ਟੀਕੋਣ ਅਤੇ ਜੀਵਨ ਢੰਗਾਂ ਤੋਂ ਚੇਤੰਨ ਹੋ ਕੇ ਕੀਤੀ ਹੈ। ਇਸ ਕਹਾਣੀ-ਸੰਗ੍ਰਹਿ ਦੀਆਂ ਕਹਾਣੀਆਂ ਵਿਚ ਕਹਾਣੀਕਾਰ ਨਾਂ ਤਾਂ ਪੱਛਮ ਦੀ ਅੰਨ੍ਹੇਵਾਹ ਨਕਲ ਕਰਨ ਲਈ ਅਕਰਸ਼ਿਤ ਕਰਦਾ ਹੈ ਅਤੇ ਨਾ ਹੀ ਆਪਣੀ ਪਰੰਪਰਾ ਅਤੇ ਸਭਿਆਚਾਰ ਨੂੰ ਭਾਵੁਕ ਹੋ ਕੇ ਪੇਸ਼ ਕਰਦਾ ਹੈ। ਪਰਵਾਸੀ ਜੀਵਨ ਦੇ ਵੱਖ-ਵੱਖ ਪਹਿਲੂਆਂ ਨੂੰ ਪ੍ਰਗਟ ਕਰਦੀਆਂ ਇਹਨਾਂ ਕਹਾਣੀਆਂ ਵਿਚ ਕਹਾਣੀਕਾਰ ਨੇ ਭਾਵੁਕਤਾ ਨਾਲੋਂ ਵਿਵੇਕ ਤੋਂ ਵਧੇਰੇ ਕੰਮ ਲਿਆ ਹੈ। ਇਹਨਾਂ ਕਹਾਣੀਆਂ ਵਿਚ ਕੈਨੇਡਾ ਵਿਚ ਸਖਤ ਜੀਵਨ ਜਿਉਣ ਦੀ ਪ੍ਰਕਿਰਿਆ ,ਰਿਸ਼ਤਿਆਂ ਵਿਚਲੇ ਬਦਲਾਅ ,ਸਭਿਆਚਾਰਕ ਅਤੇ ਮਾਨਸਿਕ ਸੰਕਟਾਂ ਦਾ ਚਿਤਰਨ ਬਾਖੂਬੀ ਕੀਤਾ ਗਿਆ ਹੈ।ਡਾ. ਜੋਗਿੰਦਰ ਨਹਿਰੂ ਅਨੁਸਾਰ :

> ਦੋ ਟਾਪੂ (1999) ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਹੋਣ ਤੋਂ ਪੂਰਵ ਇਸ ਵਿਚਲੀਆਂ ਕਹਾਣੀਆਂਦੇ ਪ੍ਰਕਾਸ਼ਨ ਸਮੇਂ ਉਸਦੇ ਪਰਵਾਸੀ ਅਨੁਭਵ ਇਸਦੀ ਪ੍ਰਸਤੁਤੀ ਲਈ ਉਸਦੀ ਗਲਪ ਯੋਗਤਾ ਤੇ ਤਕਨੀਕੀ ਨਿਪੁੰਨਤਾ ਵੱਲ ਗੰਭੀਰ ਪਾਠਕਾਂ ਦਾ ਧਿਆਨ ਇੱਕਦਮ ਖਿੱਚਿਆ ਜਾਂਦਾ ਹੈ।[2]

ਇਸ ਤੋਂ ਅਗਲੇ ਕਹਾਣੀ-ਸੰਗ੍ਰਹਿ 'ਟਾਵਰਜ਼' (2005) ਨਾਲ ਜਰਨੈਲ ਸਿੰਘ ਦੀ ਰਚਨਾ-ਦ੍ਰਿਸ਼ਟੀ ਹੋਰ ਵਿਸ਼ਾਲਤਾ ਗ੍ਰਹਿਣ ਕਰਦੀ ਹੈ।'ਟਾਵਰਜ਼' ਕਹਾਣੀ- ਸੰਗ੍ਰਹਿ ਨਾਲ ਜਰਨੈਲ ਸਿੰਘ ਦੀਆਂ ਕਹਾਣੀਆਂ 'ਦੋ ਟਾਪੂ' ਨਾਲੋਂ ਵੀ ਵੱਧ ਚਰਚਾ ਦਾ ਵਿਸ਼ਾ ਬਣੀਆਂ।'ਟਾਵਰਜ਼' ਦੀ ਵਿਸ਼ੇਸ਼ ਪ੍ਰਸਿੱਧੀ ਦਾ ਕਾਰਨ ਇਹ ਵੀ ਹੈ ਕਿ ਕਹਾਣੀਆਂ ਵਿੱਚ ਕੈਨੇਡੀਅਨ ਪਾਤਰ ਅਤੇ ਉਹਨਾਂ ਦੇ ਦੁੱਖਾਂ-ਦਰਦਾਂ ਦੀ ਪੇਸ਼ਕਾਰੀ। ਇਸ ਕਹਾਣੀ- ਸੰਗ੍ਰਹਿ ਦੀਆਂ ਕਹਾਣੀਆਂ ਅੰਤਰਰਾਸ਼ਟਰੀ ਪੱਧਰ ਦੇ ਦੁਖਾਂਤ ਦੀ ਦਾਸਤਾਨ, ਕੈਨੇਡਾ ਦੇ ਬਹੁ-ਸੱਭਿਆਚਾਰਕ ਸਮਾਜ ਦਾ ਵਿਸ਼ਲੇਸ਼ਣ, ਮਾਨਵੀ-ਹੋਂਦ ਦੀ ਤ੍ਰਾਸਦੀ ਅਤੇ ਦੋਹਾਂ ਸੰਸਕ੍ਰਿਤੀਆਂ ਵਿਚਕਾਰ ਸਹਿ-ਹੋਂਦ ਦਾ ਪਰਿਪੇਖ ਉੱਸਰਦਾ, ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਸਮਾਜ ਸੱਭਿਆਚਾਰ ਦੀ ਬਦਲਦੀ ਨੁਹਾਰ, ਪੂਰਬੀ ਤੇ ਪੱਛਮੀ ਰਹਿਤਲ ਵਿਚਕਾਰ ਆਪਸੀ ਸਾਂਝ, ਨਵੀਂ ਪੀੜ੍ਹੀ ਦੁਆਰਾ ਵਿਅਕਤੀਗਤ ਮੁੱਲਾਂ ਨੂੰ ਪ੍ਰਵਾਨਗੀ ਦੇ ਕੇ ਧਾਰਨ ਕੀਤਾ ਜਾ ਰਿਹਾ ਮਸ਼ੀਨੀ ਕਿਰਦਾਰ ਆਦਿ ਦੀ ਪੇਸ਼ਕਾਰੀ ਕਰਕੇ ਵੱਖਰੇ ਕਥਾ ਪੈਟਰਨ ਦੀ ਉਸਾਰੀ ਵੱਲ਼ ਯਤਨਸ਼ੀਲ ਹਨ।

*Copyright © 2023, Scholarly Research Journal for Humanity Science & English Language*

ਇਸ ਅਧਾਰ ਤੇ ਜਰਨੈਲ ਸਿੰਘ ਨੂੰ ਮਾਨਵੀ ਰਿਸ਼ਤਿਆਂ, ਮਾਨਵੀ ਸੰਕਟ, ਮਾਨਵੀ ਪਹਿਚਾਣ ਅਤੇ ਮਾਨਵੀ ਸਾਂਝ ਦਾ ਕਹਾਣੀਕਾਰ ਕਹਿ ਸਕਦੇ ਹਾਂ। ਡਾ: ਮਾਨ ਸਿੰਘ ਢੀਂਡਸਾ ਦੇ ਅਨੁਸਾਰ:

> ਜਰਨੈਲ ਸਿੰਘ ਕਹਾਣੀ- ਸਿਰਜਣਾ ਦੇ ਮੁਢਲੇ ਪੜਾਅ ਤੋਂ ਹੀ ਇੱਕ ਮਨੁੱਖ ਪੱਖੀ ਪ੍ਰਤੀਬੱਧ ਕਹਾਣੀਕਾਰ ਹੈ ਜੋ ਆਰਥਕ- ਸੱਭਿਆਚਾਰਕ ਪਰਿਵਰਤਨ ਦੇ ਸਮਵਿੱਥ ਮਨੁੱਖੀ ਰਿਸ਼ਤਿਆਂ ਦੀ ਟੁੱਟ-ਭੱਜ ਦਾ ਸਿਰਜਕ ਹੈ।[3]

ਜਰਨੈਲ ਸਿੰਘ ਦਾ ਕੈਨੇਡਾ ਵਿਚ ਸਨਮਾਨਿਤ "ਕਾਲੇ ਵਰਕੇ" ਕਹਾਣੀ-ਸੰਗ੍ਰਹਿ ਬਹੁ-ਚਰਚਿਤ ਹੈ।"ਕਾਲੇ ਵਰਕੇ" ਕਹਾਣੀ- ਸੰਗ੍ਰਹਿ ਵਿੱਚ ਪੰਜ ਕਹਾਣੀਆਂ ਸ਼ਾਮਲ ਹਨ। ਇਸ ਕਹਾਣੀ- ਸੰਗ੍ਰਹਿ ਵਿੱਚ ਪਰਵਾਸੀ ਮਸਲਿਆਂ ਦੀ ਗੱਲ ਦੇ ਨਾਲ -ਨਾਲ ਵਿਸ਼ਵੀਕਰਨ ਦੇ ਮਸਲੇ ਵੀ ਪੇਸ਼ ਕੀਤੇ ਗਏ ਹਨ। ਇਹ ਕਹਾਣੀਆਂ ਵਿਭਿੰਨ ਪੜਾਵਾਂ ਵਿੱਚੋਂ ਗੁਜ਼ਰਦੀਆ ਹੋਈਆਂ ਵਿਸ਼ਵੀ ਚੇਤਨਾ ਅਧੀਨ ਨਵੇਂ ਪ੍ਰਸੰਗ ਸਿਰਜਦੀਆਂ ਹਨ। ਵਿਦੇਸ਼ੀ ਮੂਲ ਦੇ ਲੋਕਾਂ ਦੀਆਂ ਸਮੱਸਿਆਂਵਾਂ ਨੂੰ ਸਾਹਮਣੇ ਲਿਆਉਂਦਿਆਂ ਕਹਾਣੀਆਂ ਵਿਭਿੰਨ ਸਰੋਕਾਰਾਂ ਦੇ ਰੂਬਰੂ ਹੁੰਦੀਆਂ ਹਨ।

ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਹੜ੍ਹ' ਅਮਰੀਕਾ ਦੇ ਸ਼ਹਿਰ ਨਿਊਰਲੀਅਨਜ਼ ਦੇ ਭਿਆਨਕ ਹੜ੍ਹਾਂ ਵਿਚ ਉੱਥੋਂ ਦੀ ਕਾਲੀ ਵਸੋਂ ਦੇ ਪ੍ਰਸੰਗਾਂ ਨਾਲ ਲਬਰੇਜ਼ ਹੈ। ਇਹ ਕਹਾਣੀ ਕਾਲਿਆਂ ਦੀ ਵਸੋਂ ਨਾਲ ਹੁੰਦਾ ਵਿਤਕਰਾ, ਤਬਾਹੀ ਅਤੇ ਮਨੁੱਖੀ ਲਾਲਸਾ ਨੂੰ ਸੁਚੱਜੇ ਢੰਗ ਨਾਲ ਬਿਆਨ ਕਰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਸੁਖਪਾਲ ਹੜ੍ਹ ਬਾਰੇ ਜਾਣਕਾਰੀ ਹੁੰਦਿਆਂ ਵੀ ਪੈਸੇ ਦੇ ਲਾਲਚ ਵਿਚ ਸਟੋਰ ਖੋਲ੍ਹ ਲੈਂਦਾ ਹੈ। ਪੈਸੇ ਦੇ ਲਾਲਚ ਵਿੱਚ ਹੀ ਆਪਣੀ ਘਰਵਾਲੀ ਲਈ ਵੀ ਸਮਾਂ ਨਹੀਂ ਕੱਢਦਾ ਜਿਸ ਕਰਕੇ ਉਹ ਆਪਣੇ ਪ੍ਰੇਮੀ ਨੂੰ ਮਿਲਣ ਲਈ ਹੜ੍ਹ ਵਿਚ ਹੀ ਘਰੋਂ ਨਿਕਲਦੀ ਹੈ ਤੇ ਆਪਣਾ ਪੁੱਤਰ ਵੀ ਹੜ੍ਹ ਚ ਰੋੜ੍ਹ ਬੈਠਦੇ ਹਨ।ਪਤਨੀ, ਬੱਚਾ ਤੇ ਪੈਸਾ ਹੁੰਦਿਆ ਵੀ ਸੁਖਪਾਲ ਲਾਲਚ ਵੱਸ ਪੈ ਕੇ ਆਪਣਾ ਪਰਿਵਾਰ ਗਵਾ ਬੈਠਦਾ ਹੈ।ਪੰਜਾਬੀਆਂ ਦੀਆਂ ਫੋਕੀਆਂ ਸ਼ਾਨਾਂ ਤੇ ਵਿਖਾਵੇ ਕਾਰਨ ਪਰਵਾਸੀ ਆਪਣੀ ਜ਼ਿੰਦਗੀ ਤਬਾਹ ਕਰਕੇ ਪੂੰਜੀ ਪ੍ਰਾਪਤੀ ਦੀ ਭੇਟ ਚੜ੍ਹ ਜਾਂਦੇ ਹਨ।

> " ਕਹਿੰਦੇ ਆ.......... ਵੀਹ-ਬਾਈ ਸਟਾਲ ਤਾਂ ਆਮ ਵਿਆਹਾਂ ਚ ਲੱਗਦੇ ਆ। ਆਪਾਂ ਉੱਪਰਲਿਆਂ ਚ ਆਂ ਤੇ ਉੱਪਰਲਿਆਂ ਦੇ ਰਿਕਾਰਡ ਤੋੜਨੇ ਆਂ।ਹੁਸੈਨਪੁਰੀਏ, ਪਰਦੁਮਣ , ਤਾਜ਼ਪੁਰੀਏ, ਹਰਵਿੰਦਰ ਤੇ ਆਪਣੇ ਪਿੰਡ ਆਲੇ ਕਰਨਬੀਰ ਅਰਗੇ ਫੰਨੇਖਾਹਾਂ ਦੀ ਫੂਕ ਕੱਢਣੀ ਆ। ਤੁਸੀਂ ਇੰਡੀਕਾ ਕਾਰ ਦੇਣ ਲਈ ਕਿਹਾ ਸੀ, ਡੈਡੀ ਕਹਿੰਦੇ ਆ ਹੌਂਡਾ ਦਿਓ, ਨੀਨੂੰ ਤੇ ਮੰਮੀ ਵੀ ਇਹੀ ਚਾਹੁੰਦੀਆਂ ਆ।''[4]

ਇਸ ਕਹਾਣੀ ਰਾਹੀਂ ਜਰਨੈਲ ਸਿੰਘ ਨੇ ਵਿਦੇਸ਼ੀ ਸਰਕਾਰ ਦਾ ਪੱਖਪਾਤੀ ਰਵੱਈਆ ਤੇ ਕਾਲੀ ਵਸੋਂ ਦੀਆਂ ਸੁਖ-ਸਹੂਲਤਾਂ ਵੱਲ ਬਹੁਤਾ ਧਿਆਨ ਨਾ ਦੇਣ ਦਾ ਬਿਰਤਾਂਤ ਵੀ ਸਿਰਜਿਆ ਹੈ।ਹੜ੍ਹ ਉਹ ਵਹਾਅ ਹੈ ਜੋ ਸਭ ਕੁਝ ਆਪਣੇ ਨਾਲ ਰੋੜ੍ਹ ਕੇ ਲੈ ਜਾਂਦਾ ਹੈ। ਇਹ ਵਹਾਅ ਮਨੁੱਖ ਦੀਆਂ ਖੁਸ਼ੀਆਂ, ਮਨੁੱਖ ਦੇ ਹਾਸੇ ਤੇ ਧੜਕਦੀ ਹੋਈ ਜ਼ਿੰਦਗੀ ਵੀ ਵਹਾ ਲਿਜਾਂਦਾ ਹੈ।ਇਹ ਕਹਾਣੀ ਬਹੁ-ਪਰਤੀ ਸਰੋਕਾਰਾਂ ਦੀ ਪੇਸ਼ਕਾਰੀ ਕਰਦੀ ਹੈ।ਕਹਾਣੀ ਜਿੱਥੇ ਹੜ੍ਹ ਦੇ ਵਿਭਿੰਨ ਰੂਪਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ ਉੱਥੈ ਅੰਗਰੇਜ਼ੀ ਸਾਮਰਾਜ ਵਿਚ ਕਾਲੀ ਵਸੋਂ ਨਾਲ ਕੀਤੇ ਜਾਂਦੇ ਵਿਤਕਰੇ ਨੂੰ ਸਾਹਮਣੇ ਲਿਆਉਂਦੀ ਹੈ।

*Copyright © 2023, Scholarly Research Journal for Humanity Science & English Language*

ਨਸਲੀ ਵਿਤਕਰਾ ਪਰਵਾਸੀ ਜੀਵਨ ਦਾ ਇਕ ਅਹਿਮ ਤੱਥ ਹੈ ਜਿਸਨੇ ਪਰਵਾਸੀਆ ਦੀ ਮਾਨਸਿਕਤਾ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇਹ ਵਿਤਕਰਾ ਕਾਲੇ-ਗੋਰੇ ਲੋਕਾਂ ਦੇ ਵਿਚਕਾਰ ਹੈ।' ਕਾਲੇ ਵਰਕੇ' ਕਹਾਣੀ ਵਿੱਚ ਮੂਲ ਵਾਸੀਆਂ ਨਾਲ ਗੋਰਿਆਂ ਵੱਲੋਂ ਕੀਤੇ ਜਾਂਦੇ ਅੱਤਿਆਚਾਰ ਤੇ ਵਿਤਕਰੇ ਨੂੰ ਬਿਆਨ ਕੀਤਾ ਹੈ। 'ਇੰਡੀਅਨ ਰੈਜੀਡੈਂਸ਼ੀਅਲ' ਸਕੂਲਾਂ ਵਿੱਚ ਹੋ ਰਹੇ ਸ਼ੋਸ਼ਣ ਨੂੰ ਬਿਆਨਦੀ ਹੋਈ ਇਹ ਕਹਾਣੀ ਉਹਨਾਂ ਦੀ ਜ਼ਿੰਦਗੀ ਦੇ ਕਾਲੇ ਵਰਕਿਆਂ ਨੂੰ ਫਰੋਲਦੀ ਹੈ। ਸਕੂਲ ਸਟਾਫ ਤੇ ਪਿੰਸੀਪਲ ਵਲੋਂ ਬਦਫੈਲੀਆਂ ਦਾ ਸ਼ਿਕਾਰ ਹੋਏ ਬੱਚੇ ਸਾਰੀ ਉਮਰ ਉਸ ਸੰਤਾਪ ਨੂੰ ਹੰਢਾਉਂਦੇ ਹੋਏ ਵਿਸ਼ਾਦ-ਗ੍ਰਸਤ ਮਾਨਸਿਕਾ ਕਾਰਨ ਆਤਮ-ਹੱਤਿਆ ਕਰ ਲੈਂਦੇ ਹਨ।

> "ਸਾਥੋਂ ਸਾਡੀ ਜ਼ੁਬਾਨ ਤੇ ਕਲਚਰ ਖੋਹ ਲਏ ਗਏ। ਪ੍ਰਿੰਸੀਪਲ ਤੇ ਟੀਚਰਾਂ ਦੇ ਬੂਟਾਂ ਦੇ ਠੁੱਡਿਆ, ਮੁੱਕਿਆਂ, ਚਪੇੜਾਂ ਤੇ ਚਮੜੇ ਦੇ ਪਟੇ ਦੀਆ ਕੁੱਟਾਂ ਨੇ ਸਾਨੂੰ ਡਰਪੋਕ ਤੇ ਘਟੀਆ ਜੀਵ ਬਣਾ ਦਿੱਤਾ। ਸਾਡੀ ਹੋਂਦ ਹਸਤੀ ਵਿਚ ਗੌਰਵ ਨਾਂ ਦੀ ਕੋਈ ਚੀਜ਼ ਨਹੀਂ ਸੀ ਰਹਿ ਗਈ।"[5]

ਅਤਿ-ਵਿਕਸਤ ਪੱਛਮੀ ਦੇਸ਼ਾਂ ਵਿਚ ਔਰਤ ਦੀ ਸਥਿਤੀ ਸਨਮਾਨਜਨਕ ਨਹੀਂ ਸਗੋਂ ਉਹ ਅਨੇਕਾਂ ਦੁਬਿਧਾਵਾਂ ਵਿੱਚ ਫਸੀ ਹੋਈ ਹੈ। 'ਪੱਤਿਆਂ ਨਾਲ ਢਕੇ ਜਿਸਮ' ਕਹਾਣੀ ਉਸ ਸਚਾਈ ਨੂੰ ਸਾਹਮਣੇ ਲਿਆਉਂਦੀ ਹੈ ਕਿ ਕਿਵੇਂ ਔਰਤ ਨੂੰ ਇੱਕ ਵਸਤੂ ਵਜੋਂ ਪੇਸ਼ ਕਰਕੇ ਵੱਖ- ਵੱਖ ਏਜੰਸੀਆਂ ਮੁਨਾਫੇ ਕਮਾਉਂਦੀਆਂ ਹਨ। ਮਨੀਸ਼ਾ ਦੇ ਜੀਵਨ ਦੇ ਇਰਦ-ਗਿਰਦ ਘੁੰਮਦੀ ਕਹਾਣੀ ਟੌਪ ਮਾਡਲ ਦੇ ਨਿੱਜੀ ਸੰਬੰਧਾਂ ਦੀ ਗੱਲ ਕਰਦੀ ਅਸਲੀਅਤ ਨੂੰ ਪੇਸ਼ ਕਰਦੀ ਹੈ। ਫੈਸ਼ਨ ਸ਼ੋਆਂ ਵਿਚ ਅੱਗੇ ਵਧਣ ਅਤੇ ਨਾਂ ਕਮਾਉਣ ਦੀ ਲਾਲਸਾ 'ਚ ਸੰਸਕਾਰੀ ਕੁੜੀਆਂ ਦਾ ਪਿੱਛੇ ਰਹਿਣਾ ਤੇ ਦੇਹ-ਖੁਲ੍ਹ ਰਾਹੀਂ ਨਾਂ ਤੇ ਪ੍ਰਸਿੱਧੀ ਪ੍ਰਾਪਤ ਕਰਨ ਨੂੰ ਬੜੇ ਸਲੀਕੇ ਨਾਲ ਬਿਆਨਿਆ ਹੈ। ਅਸਲ ਵਿਚ ਇਹਨਾਂ ਮੁਕਾਬਲਿਆਂ ਵਿਚ ਕੰਪਨੀਆਂ ਨੰਗੇਜ਼ ਪੇਸ਼ ਕਰਕੇ ਖੁਦ ਮੁਨਾਫਾ ਕਮਾ ਰਹੀਆਂ ਹਨ ਤੇ ਪੜ੍ਹੀ ਲਿਖੀ ਔਰਤ ਵੀ ਇਕ ਵਸਤੂ ਬਣ ਕੇ ਰਹਿ ਗਈ ਹੈ।

> "ਸੰਸਥਾਵਾਂ ਅਨੁਸਾਰ ਔਰਤ ਦਾ, ਅੰਦਰਲੇ ਵਸਤਰਾਂ ਨੂੰ ਬਾਹਰੀ ਪੁਸ਼ਾਕਾਂ ਵਾਂਗ ਦਿਖਾਉਣਾ ਤੇ ਬੈਡਰੂਮ ਦੇ ਵਸਤਰਾਂ ਨੂੰ ਲੋਕਾਂ ਵਿਚ ਲਿਜਾਣਾ. ਨਾਰੀਤਵ ਦੀ ਤੌਹੀਨ ਸੀ ਪਰ ਵਪਾਰ ਤੇ ਮੀਡੀਏ ਨੇ ਨਾਰੀ ਚੇਤਨਾ ਦੀ ਪੇਸ਼ ਨਹੀਂ ਸੀ ਜਾਣ ਦਿੱਤੀ।"[6]

ਕਲਾ ਦਾ ਕੋਈ ਮੁੱਲ ਨਾ ਰਹਿ ਕੇ ਜਿਸਮਾਨੀ ਸੰਬੰਧਾਂ ਰਾਹੀਂ ਆਪਣੀ ਪ੍ਰਸਿੱਧੀ ਪ੍ਰਾਪਤ ਕਰਕੇ ਸੁੰਦਰਤਾ ਨਹੀਂ ਕਾਮੁਕਤਾ ਨੂੰ ਪੇਸ਼ ਕਰ ਰਹੀਆਂ ਹਨ। ਜਿਵੇਂ:

> "ਸੁਆਹ ਤੇ ਖੇਹ, ਨਿਰੀ ਨਗਨਤਾ ਤੇ ਕਾਮੁਕਤਾ। ਕਲਾ ਤੇ ਸੁਹਜ ਵਾਲੀ ਤਾਂ ਕੋਈ ਗੱਲ ਈ ਨਹੀਂ ਦਿੱਸਦੀ"[7]

ਸੈਨਿਕਾਂ ਦੀਆਂ ਸਮੱਸਿਆਵਾਂ ਨੂੰ ਬਿਆਨ ਕਰਦੀ " ਮੁਹਾਜ਼" ਕਹਾਣੀ ਮਨੁੱਖਤਾ ਦੇ ਜੰਗ ਦੌਰਾਨ ਹੋਏ ਘਾਣ, ਸੈਨਿਕਾਂ ਦੇ ਪਰਿਵਾਰਾਂ ਤੇ ਬੱਚਿਆਂ ਉੱਪਰ ਜੰਗ ਦੇ ਪ੍ਰਭਾਵ ਤੇ ਆਮ ਲੋਕਾਂ ਦੀ ਜੰਗ ਪ੍ਰਤੀ ਦ੍ਰਿਸ਼ਟੀ ਪੇਸ਼ ਕਰਦੀ ਹੈ।ਸੈਨਿਕ ਜੰਗ ਵਿਚ ਅਤੇ ਪਰਿਵਾਰ ਮਾਨਸਿਕ ਦੁਖਾਂਤ ਵਿਚ ਮਾਰ ਝੱਲਦੇ ਹਨ। ਹਮਲੇ ਦੀ ਤਬਾਹੀ ਨਾਲ ਮਰਦੇ ਬੇਕਸੂਰ ਲੋਕਾਂ ਦਾ ਦੁਖਾਂਤ ਅਤੇ ਵਾਤਾਵਰਨ ਦੇ ਗੰਭੀਰ ਸੰਕਟ ਲਈ ਚਿੰਤਾ ਦਾ ਪ੍ਰਗਟਾਵਾ ਵੀ ਕਰਦੀ ਹੈ।ਸੈਨਿਕਾਂ ਦੇ ਬੱਚਿਆਂ ਦੀ ਮਨਸਿਕਤਾ ਨੂੰ ਚਿਤਰਦੀ ਹੋਈ ਇਹ ਕਹਾਣੀ ਸੈਨਿਕਾਂ ਦੀਆਂ ਪਤਨੀਆਂ ਦੇ ਸਦਮੇ,ਸਿਦਕ ਤੇ ਬੁੱਝੇ ਹੋਏ ਚਾਆਂ ਨੂੰ ਬਿਆਨਦੀ ਹੈ। ਸ਼ਹੀਦ ਸੈਨਿਕ ਦੀ ਪਤਨੀ ਨੂੰ ਕਿੰਨ੍ਹਾਂ- ਕਿੰਨ੍ਹਾਂ ਦੁਖਾਂਤਾਂ ਵਿਚੋਂ ਨਿਕਲ ਕੇ ਜ਼ਿੰਦਗੀ ਹੰਢਾਉਣੀ ਪੈਂਦੀ ਹੈ।

Copyright © 2023, Scholarly Research Journal for Humanity Science & English Language

> "ਨਵਤੇਜ ਨੂੰ ਮਾਰਨ ਵਾਲੀ ਜੰਗ ਤਾਂ ਸਿਰਫ ਦੋ ਕੁ ਹਫਤੇ ਹੀ ਚੱਲੀ ਸੀ ਪਰ ਉਹਦੀ ਵਿਧਵਾ ਜੀਤਾਂ ਦੀ ਜੰਗ ਸਾਰੀ ਉਮਰ ਹੀ ਚੱਲਦੀ ਰਹੀ ਤੇ ਇਸ ਜੰਗ ਵਿਚ ਉਸਨੂਮ ਪਤਾ ਨਹੀਂ ਕਿੰਨੀ ਵਾਰ ਮਰਨਾ ਪਿਓ ਸੀ।"[8]

ਪੂਰਬੀ ਤੇ ਪੱਛਮੀ ਦੇਸ਼ਾਂ ਦੇ ਸੈਨਿਕਾਂ ਨੂੰ ਤੇ ਪਿੱਛੋਂ ਉਹਨਾਂ ਦੇ ਪਰਿਵਾਰਾਂ ਨੂੰ ਮਿਲਦੀਆਂ ਸਹੂਲਤਾਂ ਦਾ ਵਰਨਣ ਵੀ ਕੀਤਾ ਗਿਆ ਹੈ ਕਿ ਸਾਡੇ ਦੇਸ_ਵਿਚ ਓਨੀਆਂ ਸਹੂਲਤਾਂ ਸ਼ਹੀਦ ਸੈਨਿਕਾਂ ਦੇ ਪਰਿਵਾਰਾਂ ਨੂੰ ਨਹੀਂ ਦਿੱਤੀਆਂ ਜਾ ਰਹੀਆਂ ਜਿੰਨੀਆਂ ਕਿ ਪੱਛਮੀ ਮੁਲਕਾਂ ਵਿਚ।

ਪਰਵਾਸ ਧਾਰਨ ਕਰਨਾ ਪੰਜਾਬੀਆਂ ਦਾ ਸ਼ੌਕ ਵੀ ਬਣ ਗਿਆ ਹੈ। ਇਸ ਸੰਗ੍ਰਹਿ ਦੀ ਆਖਰੀ ਕਹਾਣੀ "ਨਦੀਨ" ਪੰਜਾਬੀਆਂ ਦੇ ਉਸ ਸੰਤਾਪ ਨੂੰ ਬਿਆਨ ਕਰਦੀ ਹੈ ਜੋ ਆਪਣੇ ਘਰਾਂ ਚ ਸਰਦੇ-ਪੁੱਜਦੇ ਹੋਣ ਦੇ ਬਾਵਜੂਦ ਵੀ ਵਿਦੇਸ਼ਾਂ ਦੀ ਚਮਕ-ਦਮਕ ਭਰੀ ਜ਼ਿੰਦਗੀ ਵੱਲ ਦੇਖ ਵਿਦੇਸ਼ੀ ਬਣਨਾ ਚਾਹੁੰਦੇ ਹਨ। ਪੰਜਾਬੀਆਂ ਦੁਆਰਾ ਪਰਵਾਸ ਧਾਰਨ ਕਰਨ ਲਈ ਵਰਤੇ ਜਾਂਦੇ ਹੱਥ-ਕੰਡੇ ਤੇ ਨੈਤਿਕ ਕਦਰਾਂ ਕੀਮਤਾਂ ਦੇ ਘਾਣ ਨੂੰ ਬਿਆਨਦੀ ਹੈ। ਨੀਤੂ ਨੈਤਿਕ ਕਦਰਾਂ ਕੀਮਤਾਂ ਨੂੰ ਛਿੱਕੇ ਟੰਗ ਕੇ ਨਜਾਇਜ਼ ਸੰਬੰਧ ਕਾਇਮ ਕਰਦੀ ਹੈ। ਜਿਥੇ ਇਹ ਕਹਾਣੀ ਪਤੀ ਪਤਨੀ ਦੇ ਰਿਸ਼ਤੇ ਦੀ ਖਿੱਚੋਤਾਣ ਨੂੰ ਬਿਆਨ ਕਰਦੀ ਹੈ ਉੱਥੇ ਪੰਜਾਬੀਆਂ ਦੁਆਰਾ ਪਰਵਾਸੀਆਂ ਦੀਆਂ ਜ਼ਮੀਨਾਂ ਤੇ ਕਬਜ਼ਾ ਕਰਨ, ਰਿਸ਼ਤੇਦਾਰਾਂ ਦੁਆਰਾ ਆਪਣਾ ਸਵਾਰਥ ਕੱਢਣ ਆਦਿ ਵਿਭਿੰਨ ਸਰੋਕਾਰਾਂ ਦੀ ਪੇਸ਼ਕਾਰੀ ਕਰਦੀ ਹੈ।

> "ਕੀ ਮਾਰ ਪੈ ਗਈ, ਪੰਜਾਬ ਦੇ ਮੁੰਡੇ ਕੁੜੀਆਂ ਤੇ ਉਹਨਾਂ ਦੇ ਮਾਪਿਆਂ ਨੂੰ!' ਉਹ ਬੁੜਬੁੜਾਇਆ ਤੇ ਉਸਦੀ ਸੋਚ ਵਿਚ ਇੰਡੀਆ ਤੋਂ ਆਏ ਮੁੰਡੇ-ਕੁੜੀਆਂ ਵਲੋਂ ਆਪਣੇ ਸਪਾਂਸਰਾਂ ਨਾਲ ਕੀਤੀਆਂ ਧੋਖੇਬਾਜ਼ੀਆਂ ਦੇ ਅਨੇਕਾਂ ਕੇਸ ਘੁੰਮ ਗਏ।"[9]

ਇਸ ਤਰ੍ਹਾਂ ਇਹ ਕਹਾਣੀ ਪੰਜਾਬੀਆਂ ਦੇ ਡੂੰਘੇ ਦੁਖਾਂਤ ਨੂੰ ਬਿਆਨਦੀ ਪਰਵਾਸੀਆਂ ਦੇ ਪਰਿਵਾਰਾਂ ਦੇ ਟੁੱਟਣ ਓਤੇ ਸੱਭਿਆਚਾਰਕ ਤਣਾਅ ਤੇ ਮਾਨਸਿਕਤਾ ਨੂੰ ਸੁਚੱਜੇ ਢੰਗ ਨਾਲ ਭਿਆਨਦੀ ਹੈ।

ਜਰਨੈਲ ਸਿੰਘ ਦੀਆਂ ਸਮੁਚੀਆਂ ਕਹਾਣੀਆਂ ਪੂੰਜੀਵਾਦੀ ਪ੍ਰਬੰਧ ਦੇ ਮਾੜੇ ਪ੍ਰਭਾਵਾਂ, ਮਨੁੱਖੀ ਜੀਵਨ ਵਿਚੋਂ ਖਤਮ ਹੋ ਰਹੀਆਂ ਨੈਤਿਕ ਕਦਰਾਂ -ਕੀਮਤਾਂ ਤੇ ਪੂੰਜੀ ਦੀ ਗੁਲਾਮ ਹੋਈ ਮਨੁੱਖੀ ਮਾਨਸਿਕਤਾ ਦੀਆਂ ਕਹਾਣੀਆਂ ਹਨ। ਜਰਨੈਲ ਸਿੰਘ ਆਪਣੀ ਮਾਨਵਵਾਦੀ/ ਯਥਾਰਥਵਾਦੀ ਦ੍ਰਿਸ਼ਟੀ ਰਾਹੀਂ ਇਸ ਸੱਚ ਨੂੰ ਸਾਹਮਣੇ ਲਿਆਉਣ ਤੇ ਇਸ ਬਾਰੇ ਪਰਪੱਕ ਦ੍ਰਿਸ਼ਟੀ ਅਪਨਾਉਣ ਲਈ ਮਨੁੱਖਤਾ ਅਤੇ ਕਾਬਜ਼ ਮਨੁੱਖੀ ਤਾਕਤਾਂ ਨੂੰ ਸੋਚਣ ਲਈ ਮਜ਼ਬੂਰ ਕਰ ਦਿੰਦਾ ਹੈ। ਉਸਦੀਆਂ ਕਹਾਣਿਆਂ ਮਾਨਵਵਾਦੀ ਪਹੁੰਚ ਦੀਆਂ ਧਾਰਨੀ ਹਨ ਤੇ ਯਥਾਰਥਵਾਦੀ ਮਸਲਿਆਂ ਨੂੰ ਪੇਸ਼ ਕਰਦੀਆਂ ਹਨ। "ਕਾਲੇ ਵਰਕੇ" ਨਾਲ ਉਹ ਵਿਸ਼ਵ ਦੇ ਚਰਚਿਤ ਮਸਲਿਆਂ ਨੂੰ ਉਜਾਗਰ ਕਰਨ ਵਿਚ ਕਾਮਯਾਬ ਹੋਇਆ ਹੈ।

*Copyright © 2023, Scholarly Research Journal for Humanity Science & English Language*

**ਹਵਾਲੇ ਅਤੇ ਟਿੱਪਣੀਆਂ:-**

*1.ਡਾ.ਹਰਚੰਦ ਸਿੰਘ ਬੇਦੀ, "ਭੂਮਿਕਾ",ਪਰਵਾਸ ਤੇ ਪਰਵਾਸੀ ਸਾਹਿਤ,ਪੰਨਾ-13*
*2.ਜੋਗਿੰਦਰ ਸਿੰਘ ਨਹਿਰੂ,ਪੰਜਾਬੀ ਕਨੇਡੀਅਨ ਸਾਹਿਤ,ਪੰਨਾ-107*
*3.ਡਾ.ਮਾਨ ਸਿੰਘ ਢੀਡਸਾ ,ਡਾ.ਗੁਰਮੀਤ ਕੱਲਰਮਾਜਰੀ(ਸੰਪਾ),ਜਰਨੈਲ ਸਿੰਘ ਦੀ ਕਹਾਣੀ ਕਲਾ, 'ਦੋ ਟਾਪੂ ਦੇ ਪ੍ਰਸੰਗ ਵਿਚ ਜਰਨੈਲ ਸਿੰਘ ਦੀ ਰਚਨਾ ਦ੍ਰਿਸ਼ਟੀ, ਪੰਨਾ-60*
*4.ਜਰਨੈਲ ਸਿੰਘ,ਕਾਲੇ ਵਰਕੇ,ਪੰਨਾ-11*
*5.ਉਹੀ,ਪੰਨਾ-43*
*6.ਉਹੀ,ਪੰਨਾ-64-65*
*7ਉਹੀ,ਪੰਨਾ-62*
*8.ਉਹੀ,ਪੰਨਾ-102*
*9.ਉਹੀ,ਪੰਨਾ-111*

**Cite Your Article As:**
Dr. Harpreet Kaur Aulakhan. (2023). REPRESENTATION OF THE BLACK WORKER IMMIGRANT EXPERIENCE. Scholarly Research Journal for Humanity Science & English Language,, 11(57), 88–93. https://doi.org/10.5281/zenodo.8005444

*Copyright © 2023, Scholarly Research Journal for Humanity Science & English Language*